[This question paper contains 2 printed pages.]

**Your Roll No................**

**Sr. No. of Question Paper : 2043** **I**

Unique Paper Code : 2123100011

Name of the Paper : Viharak Punjabi (DSE-11)

Name of the Course : **B.A. (H) Punjabi – DSE**

Semester : V

Duration : 3 Hours Maximum Marks : 90

**Instructions for Candidates**

1. Write your Roll No. on the top immediately on receipt of this question paper.

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।**

**ਭਾਗ ਪਹਿਲਾ**

1. ਪੰਜਾਬੀ ਭਾਸ਼ਾ ਦੇ ਵਾਕ ਸਰੂਪ ਨਾਲ ਮੁਢਲੀ ਜਾਣ-ਪਛਾਣ ਕਰਾਓ। **10**

ਜਾਂ

ਵਿਸ਼ਰਾਮ ਚਿੰਨ੍ਹ ਦੀ ਪਰਿਭਾਸ਼ਾ ਅਤੇ ਪੰਜਾਬੀ ਭਾਸ਼ਾ ਵਿਚ ਵਰਤੇ ਜਾਣ ਵਾਲੇ ਵਿਸ਼ਰਾਮ ਚਿੰਨ੍ਹਾਂ ਬਾਰੇ ਉਦਾਹਰਣ ਸਹਿਤ ਲਿਖੋ।

2. ਪੰਜਾਬੀ ਭਾਸ਼ਾ ਦੇ ਸੰਯੁਕਤ ਅਤੇ ਮਿਸ਼ਰਿਤ ਵਾਕਾਂ ਨੂੰ ਪਰਿਭਾਸ਼ਿਤ ਕਰਦਿਆਂ, ਦੋ-ਦੋ ਵਾਕ ਬਣਾਓ। **5**

ਜਾਂ

ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:

I. ਨੀਲੂ ਬਹੁਤ ਸੁਹਣੀ ਲਗਦੀ ਹੈ ਨੀਲੇ ਸੈੱਟ ਵਿਚ।

II. ਰੱਖੋ ਮੇਜ਼ ਉੱਤੇ ਸਾਰੀਆਂ ਚੀਜ਼ਾਂ ਤੁਸੀਂ।

III. ਪਾਣੀ ਵਿਚੋਂ ਖੂਹ ਕੱਢੋ।

IV. ਅੰਗਦ ਖੇਡ ਕ੍ਰਿਕਟ ਰਿਹਾ ਹੈ

V. ਕਾਮਯਾਬੀ ਮਿਲੇਗੀ ਮਿਹਨਤ ਕਰੋ।

## ਭਾਗ ਦੂਜਾ

3. 'ਤਿਉਹਾਰ ਅਤੇ ਪ੍ਰਦੂਸ਼ਣ' ਜਾਂ 'ਸਮਾਜ ਵਿਚ ਵੱਧ ਰਹੀ ਅਨੈਤਿਕਤਾ' ਵਿਸ਼ੇ 'ਤੇ ਲੇਖ ਲਿਖੋ। 15

4. ਤੁਸੀਂ ਗ੍ਰੈਜੁਏਸ਼ਨ ਤੋਂ ਬਾਅਦ ਕਨੇਡਾ ਜਾਣਾ ਚਾਹੁੰਦੇ ਹੋ, ਆਪਣੇ ਪਿਤਾ ਜੀ ਨੂੰ ਚਿੱਠੀ ਲਿਖ ਕੇ ਸੂਚਿਤ ਕਰੋ। 10

ਜਾਂ

ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫ਼ੀਸ ਮਾਫ਼ੀ ਲਈ ਪੱਤਰ ਲਿਖੋ।

## ਭਾਗ ਤੀਜਾ

5. ਅਨੁਵਾਦ ਦੀ ਪਰਿਭਾਸ਼ਾ ਦਿੰਦਿਆਂ. ਇਸ ਦੀਆਂ ਮੂਲ ਸਮੱਸਿਆਵਾਂ ਬਾਰੇ ਲਿਖੋ। 10

ਜਾਂ

ਇਕ ਚੰਗੇ ਅਨੁਵਾਦਕ ਦੇ ਗੁਣਾਂ ਉੱਤੇ ਚਾਨਣਾ ਪਾਓ।

6. ਹੇਠ ਲਿਖੇ ਪੈਰ੍ਹ ਦਾ ਅਨੁਵਾਦ ਹਿੰਦੀ ਜਾਂ ਅੰਗ੍ਰੇਜ਼ੀ ਭਾਸ਼ਾ ਵਿਚ ਕਰੋ: 10

ਅਸੀਂ ਆਪਣੇ ਪੁਰਖਿਆਂ ਦੇ ਵਿਚਾਰਾਂ ਅਤੇ ਕਦਰਾਂ-ਕੀਮਤਾਂ ਨੂੰ ਸਿਰਫ਼ ਦੁਹਰਾ ਕੇ ਹੀ ਪਰੰਪਰਾ ਨੂੰ ਜਿਓਦਿਆਂ ਨਹੀਂ ਰੱਖ ਸਕਦੇ। ਕੋਈ ਵੀ ਪਰੰਪਰਾ ਆਲੋਚਨਾਤਮਕ ਅਤੇ ਰਚਨਾਤਮਕ ਤਬਦੀਲੀ ਤੋਂ ਬਿਨਾਂ ਜਿਊਂਦੀ ਨਹੀਂ ਰੱਖੀ ਜਾ ਸਕਦੀ। ਸਮੁੱਚੇ ਅਤੀਤ ਅਤੇ ਸਮੁੱਚੇ ਸੰਸਾਰ ਨੂੰ ਆਦਮੀ ਦੇ ਮੰਨ ਵਿਚ ਜਗਾਉਣਾ ਚਾਹੀਦਾ ਹੈ। ਕਿਤਾਬਾਂ ਉਹ ਸਾਧਨ ਹਨ, ਜਿੰਨ੍ਹਾਂ ਨਾਲ ਅਸੀਂ ਸੰਸਕ੍ਰਿਤੀਆਂ ਵਿਚਕਾਰ ਪੁਲ ਬਣਾ ਸਕਦੇ ਹਾਂ। ਅੱਜ ਸੰਸਕ੍ਰਿਤੀਆਂ ਵਿਚਕਾਰਲੇ ਵੈਰ-ਵਿਰੋਧ ਨੂੰ ਮਿਟਾ ਦੇਣ ਦੀ ਲੋੜ ਹੈ। ਮਹਾਨ ਕਿਤਾਬਾਂ ਸਾਡੇ ਲਈ ਉਸ ਵੇਲੇ ਬਹੁਤ ਫ਼ਾਇਦੇਮੰਦ ਸਾਬਤ ਹੁੰਦੀਆਂ ਹਨ, ਜਦ ਸਾਡੀਆਂ ਕਦਰਾਂ-ਕੀਮਤਾਂ ਨੂੰ ਕੁਰਾਹੇ ਪਾ ਦਿੱਤਾ ਜਾਂਦਾ ਹੈ।

7. ਕਾਰ ਵਿਕਰੀ ਦਾ ਇਸ਼ਤਿਹਾਰ ਤਿਆਰ ਕਰੋ ਅਤੇ ਉਸਦਾ ਅਨੁਵਾਦ ਹੰਦੀ ਜਾਂ ਅੰਗ੍ਰੇਜ਼ੀ ਭਾਸ਼ਾ ਵਿਚ ਕਰੋ। 5

## ਭਾਗ ਚੌਥਾ

8. ਆਪਣੀ ਪੜ੍ਹੀ ਕਿਸੇ ਕਹਾਣੀ ਜਾਂ ਫ਼ਿਲਮ ਦਾ ਰੀਵਿਊ ਕਰੋ। 15

9. ਰੀਵਿਊ ਲੇਖਣ ਤੋਂ ਕੀ ਭਾਵ ਹੈ? 10